WORKSAFE BC | ਨਿਊਜ਼ ਰਿਲੀਜ਼

# ਸੋਗ ਦਿਵਸ ਜਾਨਾਂ ਗੁਆ ਗਏ ਵਰਕਰਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ

*ਪਿਛਲੇ ਸਾਲ ਬੀ.ਸੀ. ਵਿੱਚ, ਕੰਮ ਵਾਲੀ ਥਾਂ 'ਤੇ ਸੱਟ ਅਤੇ ਬਿਮਾਰੀ ਕਾਰਨ 138 ਵਰਕਰਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ।*

**ਰਿਚਮੰਡ, ਬੀ.ਸੀ. (27 ਅਪ੍ਰੈਲ, 2026)** — 28 ਅਪ੍ਰੈਲ ਨੂੰ, ਵਰਕਸੇਫਬੀਸੀ ਪੂਰੇ ਬ੍ਰਿਟਿਸ਼ ਕੋਲੰਬੀਆ ਦੇ ਵਰਕਰਾਂ, ਕੰਮ-ਮਾਲਕਾਂ ਅਤੇ ਭਾਈਚਾਰਿਆਂ ਨਾਲ ਮਿਲ ਕੇ ਰਾਸ਼ਟਰੀ ਸੋਗ ਦਿਵਸ (ਨੈਸ਼ਨਲ ਡੇਅ ਆਫ ਮੌਰਨਿੰਗ) ਮਨਾਉਂਦਾ ਹੈ, ਇਹ ਉਹਨਾਂ ਲੋਕਾਂ ਨੂੰ ਯਾਦ ਕਰਨ ਦਾ ਸਮਾਂ ਹੈ ਜੋ ਕੰਮ ਨਾਲ ਸਬੰਧਿਤ ਘਟਨਾਵਾਂ ਕਾਰਨ ਮਾਰੇ ਗਏ, ਜ਼ਖਮੀ ਹੋਏ ਜਾਂ ਬਿਮਾਰੀ ਦਾ ਸ਼ਿਕਾਰ ਹੋਏ ਹਨ।

2025 ਵਿੱਚ, ਕੰਮ ਵਾਲੀ ਥਾਂ 'ਤੇ ਸੱਟਾਂ ਅਤੇ ਬਿਮਾਰੀਆਂ ਨੇ ਦੁਖਦਾਈ ਤੌਰ 'ਤੇ ਬੀ.ਸੀ. ਦੇ 138 ਵਰਕਰਾਂ ਦੀ ਜਾਨ ਲੈ ਲਈ। ਇਹਨਾਂ ਵਰਕਰਾਂ ਵਿੱਚੋਂ, 79 ਦੀ ਮੌਤ ਕਿੱਤਾਮੁਖੀ ਬਿਮਾਰੀਆਂ ਕਾਰਨ ਹੋਈ (36 ਐਸਬੈਸਟਸ ਕਾਰਨ), ਜਿਨ੍ਹਾਂ ਵਿੱਚ ਅਕਸਰ ਕਈ ਦਹਾਕੇ ਪਹਿਲਾਂ ਖਤਰਨਾਕ ਸਮਗਰੀ ਦੇ ਸੰਪਰਕ ਵਿੱਚ ਆਉਣਾ ਸ਼ੁਰੂ ਹੁੰਦਾ ਹੈ। 41 ਕਾਮਿਆਂ ਨੇ ਕੰਮ ਵਾਲੀ ਥਾਂ 'ਤੇ ਘਾਤਕ ਸੱਟਾਂ ਕਾਰਨ ਆਪਣੀਆਂ ਜਾਨਾਂ ਗੁਆ ਦਿੱਤੀਆਂ, ਜਿਨ੍ਹਾਂ ਵਿੱਚ ਉਚਾਈ ਤੋਂ ਡਿੱਗਣਾ, ਚੀਜ਼ਾਂ ਨਾਲ ਵੱਜਣਾ ਅਤੇ ਉਪਕਰਨਾਂ ਜਾਂ ਮਸ਼ੀਨਰੀ ਵਿੱਚ ਫਸਣਾ ਸ਼ਾਮਲ ਸੀ। ਇਹਨਾਂ ਤੋਂ ਇਲਾਵਾ, ਮੋਟਰ ਵਾਹਨਾਂ ਦੀਆਂ ਘਟਨਾਵਾਂ ਵਿੱਚ 18 ਵਰਕਰਾਂ ਦੀ ਮੌਤ ਹੋ ਗਈ।

ਵਰਕਸੇਫਬੀਸੀ ਵਿਖੇ ਰੋਕਥਾਮ ਸੇਵਾਵਾਂ ਦੇ ਮੁਖੀ ਟੌਡ ਮੈਕਡੋਨਲਡ ਕਹਿੰਦੇ ਹਨ, "ਹਰ ਅੰਕੜੇ ਦੇ ਪਿੱਛੇ ਇੱਕ ਵਿਅਕਤੀ, ਇੱਕ ਪਰਿਵਾਰ, ਸਹਿਕਰਮੀ ਅਤੇ ਇੱਕ ਭਾਈਚਾਰਾ ਹੁੰਦਾ ਹੈ ਜੋ ਹਮੇਸ਼ਾ ਲਈ ਬਦਲ ਜਾਂਦਾ ਹੈ। ਸੋਗ ਦਾ ਦਿਨ ਉਹਨਾਂ ਵਰਕਰਾਂ ਨੂੰ ਯਾਦ ਕਰਨ ਦਾ ਸਮਾਂ ਹੁੰਦਾ ਹੈ ਜਿਨ੍ਹਾਂ ਨੂੰ ਅਸੀਂ ਗੁਆ ਦਿੱਤਾ ਹੈ ਅਤੇ ਇਸ ਗੱਲ 'ਤੇ ਵਿਚਾਰ ਕਰਨ ਦਾ ਸਮਾਂ ਹੁੰਦਾ ਹੈ ਕਿ ਅਸੀਂ ਸਾਰੇ ਕੰਮ ਵਾਲੀਆਂ ਥਾਵਾਂ ਨੂੰ ਸੁਰੱਖਿਅਤ ਬਣਾਉਣ ਲਈ ਕੀ ਕਰ ਸਕਦੇ ਹਾਂ।"

ਵਰਕਸੇਫਬੀਸੀ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਯਾਦ ਦਿਵਾ ਰਿਹਾ ਹੈ ਕਿ ਸੁਰੱਖਿਅਤ ਅਤੇ ਸਿਹਤਮੰਦ ਕੰਮ ਵਾਲੀ ਥਾਂ ਇੱਕ ਸਾਂਝੀ ਜ਼ਿੰਮੇਵਾਰੀ ਹੈ - ਜਿਸ ਵਿੱਚ ਸਰੀਰਕ ਅਤੇ ਮਨੋਵਿਗਿਆਨਕ ਸੁਰੱਖਿਆ ਦੋਵੇਂ ਸ਼ਾਮਲ ਹਨ। ਕੰਮ-ਮਾਲਕ ਸੁਰੱਖਿਅਤ ਅਤੇ ਸਿਹਤਮੰਦ ਕੰਮ ਵਾਲੀ ਥਾਂ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹਨ, ਜਿਸ ਵਿੱਚ ਸਿਖਲਾਈ ਦੇਣੀ, ਨਿਗਰਾਨੀ ਰੱਖਣੀ ਅਤੇ ਸੁਰੱਖਿਅਤ ਢੰਗ ਨਾਲ ਕੰਮ ਕਰਨ ਲਈ ਲੋੜੀਂਦੇ ਉਪਕਰਨ ਪ੍ਰਦਾਨ ਕਰਨੇ ਸ਼ਾਮਲ ਹਨ, ਅਤੇ ਮਨੋਵਿਗਿਆਨਕ ਸੱਟਾਂ ਨੂੰ ਰੋਕਣ ਲਈ ਕਦਮ ਚੁੱਕਣੇ ਸ਼ਾਮਲ ਹਨ। ਵਰਕਰਾਂ ਕੋਲ ਅਸੁਰੱਖਿਅਤ ਕੰਮ ਤੋਂ ਇਨਕਾਰ ਕਰਨ, ਖਤਰਿਆਂ ਬਾਰੇ ਜਾਣਨ ਅਤੇ ਕੰਮ ਵਾਲੀ ਥਾਂ ਦੀ ਸਿਹਤ ਅਤੇ ਸੁਰੱਖਿਆ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ।

ਸੋਗ ਦਿਵਸ ਬਾਰੇ ਹੋਰ ਜਾਣਨ ਲਈ, dayofmourning.bc.ca 'ਤੇ ਜਾਓ। ਕੰਮ ਵਾਲੀਆਂ ਥਾਵਾਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਕਿਵੇਂ ਰੱਖਣਾ ਹੈ ਇਸ ਬਾਰੇ ਵਸੀਲਿਆਂ ਲਈ worksafebc.com'ਤੇ ਜਾਓ।

-30-

**ਵਰਕਸੇਫ਼ਬੀਸੀ ਬਾਰੇ**

*ਵਰਕਸੇਫ਼ਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫ਼ਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਵਰਕਰਾਂ ਅਤੇ 286,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*


**ਹੋਰ ਜਾਣਕਾਰੀ ਲਈ, ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ਼ਬੀਸੀ

ਈਮੇਲ: media@worksafebc.com

ਟੈਲੀਫੋਨ: 604-276-5157